# 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਦੇ ਦ੍ਰਿਸ਼ਟੀਗਤ ਪਾਸਾਰ



ਡਾ. ਮੋਹਨ ਤਿਆਗੀ
ਸਹਾਇਕ ਪ੍ਰੋਫੈਸਰ
ਪੰਜਾਬੀ ਸਾਹਿਤ
ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ।
+91 98144-79150

ਸੁਰਜੀਤ ਪਾਤਰ ਸਾਡੇ ਸਮਿਆਂ ਦਾ ਬਹੁਤ ਕੱਦਾਵਰ ਸ਼ਾਇਰ ਹੈ। ਉਸਨੂੰ ਜੇਕਰ ਯੁੱਗ ਸ਼ਾਇਰ ਵੀ ਆਖ ਲਿਆ ਜਾਵੇ ਤਾਂ ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸਦੀ ਕਵਿਤਾ ਸਮਿਆਂ ਵਿੱਚ ਵੱਢ ਮਾਰਦੀ ਹੈ। ਉਸਦੀ ਕਲਮ ਨੇ ਆਪਣੀ ਇਤਿਹਾਸਕ ਚੇਤਨਾ ਅਤੇ ਸੰਵੇਦਨਸ਼ੀਲ ਪਹੁੰਚ ਰਾਹੀਂ ਜਿੱਥੇ ਸਮਕਾਲੀ ਵਰਤਾਰਿਆਂ ਨੂੰ ਧੁਰ ਅੰਦਰ ਤੀਕ ਪ੍ਰਭਾਵਿਤ ਕੀਤਾ ਹੈ, ਉਸਦੇ ਨਾਲ ਹੀ ਸਾਹਿਤ ਚਿੰਤਨ ਦੇ ਖੇਤਰ ਵਿੱਚ ਵੀ ਨਵਾਂ ਸੰਵਾਦ ਛੇੜਿਆ ਹੈ। ਪਾਤਰ ਨੇ ਕਵਿਤਾ, ਗ਼ਜ਼ਲ, ਵਾਰਤਕ ਅਤੇ ਕਾਵਿ ਨਾਟਕ ਦੇ ਖੇਤਰ ਵਿੱਚ ਬੜਾ ਮਹੱਤਵਪੂਰਨ ਕਾਰਜ ਕੀਤਾ ਹੈ। ਉਸਦੀ ਸਾਹਿਤ ਪ੍ਰਤੀ ਅਨੋਖੀ ਅਤੇ ਵਿਲੱਖਣ ਦ੍ਰਿਸ਼ਟੀ ਉਸਨੂੰ ਸਮਕਾਲੀ ਦੌਰ ਦੇ ਬਾਕੀ ਸਾਹਿਤਕਾਰਾਂ ਨਾਲੋਂ ਨਿਖੇੜਦੀ ਹੈ। ਉਸਦੀਆਂ ਰਚਨਾਵਾਂ ਵਿਚਲੇ ਕਾਵਿ ਸੁਹਜ ਅਤੇ ਸਰੋਦੀ ਤੱਤ ਨੇ ਉਸਨੂੰ ਲੋਕ ਸ਼ਾਇਰ ਵੱਜੋਂ ਸਥਾਪਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਸਦੇ ਨਾਲ ਹੀ ਉਸਦੇ ਰਚਨਾ-ਜਗਤ ਦੇ ਗੁੰਝਲਦਾਰ ਅਤੇ ਜਟਿਲ ਮਨੋਪਾਸਾਰ ਅਜੋਕੇ ਮਨੁੱਖ ਦੇ ਜੀਵਨ ਦੇ ਵਿਹਾਰਕ ਪਹਿਲੂਆਂ ਨੂੰ ਚਿਤਰਣ ਲਈ ਯਤਨਸ਼ੀਲ ਹਨ। ਇਸਦੇ ਨਾਲ ਹੀ ਸੁਰਜੀਤ ਪਾਤਰ ਸਾਡੇ ਸਮਿਆਂ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਵਰਤਾਰਿਆਂ ਨੂੰ ਆਪਣੀ ਗਹਿਰੀ ਕਾਵਿ-ਦ੍ਰਿਸ਼ਟੀ ਦੁਆਰਾ ਚਿੱਤਰ ਕੇ ਸਮਕਾਲ ਨਾਲ ਪ੍ਰਵਚਨੀ ਸੁਰ ਬਣਾਉਣ ਦਾ ਯਤਨ ਕਰਦਾ ਹੈ। ਇਹ ਸੰਵਾਦ ਉਸਦੀ ਕਵਿਤਾ ਨੂੰ ਅਜਬ ਜਲੌਅ ਅਤੇ ਗਤੀ ਪ੍ਰਦਾਨ ਕਰਦਾ ਹੈ। ਉਸਦੀ ਕਾਵਿ ਭਾਸ਼ਾ ਇੱਕ ਗੰਭੀਰ ਪੈਟਰਨ ਵਿੱਚ ਚਲਦੀ ਹੋਈ ਕਵਿਤਾ ਨੂੰ ਸਦੀਵੀ ਅੰਸ਼ ਪ੍ਰਦਾਨ ਕਰਦੀ ਹੈ। ਇਹੀ ਕਾਰਨ ਹੈ ਕਿ ਸੁਰਜੀਤ ਪਾਤਰ ਲੋਕਾਂ ਵਿੱਚ ਸਿਰਕੱਢ ਕਵੀ ਵੱਜੋਂ ਪ੍ਰਵਾਨ ਚੜ੍ਹਦਾ ਹੈ। ਪਾਤਰ ਨੂੰ ਆਪਣੇ ਸਮਿਆਂ ਵਿੱਚ ਸਾਹਿਤ ਅਕਾਦਮੀ ਤੋਂ ਲੈ ਕੇ ਪਦਮ ਸ੍ਰੀ ਤੱਕ ਅਨੇਕਾਂ ਵੱਕਾਰੀ ਮਾਣ-ਸਨਮਾਨ ਪ੍ਰਾਪਤ ਹੋਏ, ਪਰ ਉਸਦੀ ਜਨ ਸਮੂਹ ਵਿੱਚ ਇੱਕ ਲੋਕ ਕਵੀ ਵੱਜੋਂ ਸਵੀਕ੍ਰਿਤੀ ਉਸਨੂੰ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉੱਚਾ ਰੁਤਬਾ ਪ੍ਰਦਾਨ ਕਰਦੀ ਹੈ। ਇਸਦੇ ਨਾਲ ਹੀ ਉਸਦੀ ਅਕਾਦਮਿਕ ਅਤੇ ਲੋਕ ਹਲਕਿਆਂ ਵਿੱਚ ਪ੍ਰਵਾਨਗੀ, ਉਸਦੀ ਅਨੋਖੀ ਪ੍ਰਸਿੱਧੀ ਦਾ ਝੰਡਾ ਬੁਲੰਦ ਕਰਦੀ ਹੈ। ਭਾਵੇਂ ਕਿ ਸਮੇਂ ਸਮੇਂ ਤੇ ਪਾਤਰ ਦੀ ਸਮਾਜਿਕ ਪ੍ਰਤੀਬੱਧਤਾ ਅਤੇ ਵਿਚਾਰਧਾਰਾ ਤੇ ਕਈ ਸਵਾਲ ਵੀ ਉੱਠਦੇ ਰਹੇ ਹਨ। ਪਰ ਇਨ੍ਹਾਂ ਸਭ ਵਾਦਾਂ ਵਿਵਾਦਾਂ ਦੇ ਚਲਦਿਆਂ ਵੀ ਉਸਦੀ ਸ਼ਾਇਰੀ ਦਾ ਕ੍ਰਿਸ਼ਮਈ ਜਲੌਅ ਉਸੇ ਤਰ੍ਹਾਂ ਕਾਇਮ ਰਹਿੰਦਾ ਹੈ। ਅਸਲ ਵਿੱਚ ਉਸਦੀ ਸ਼ਬਦ ਸ਼ਕਤੀ ਅਤੇ ਸਿਰਜਣ ਸਮਰੱਥਾ

ਉਸਦੀ ਤੇਜਸਵੀ ਸਖਸ਼ੀਅਤ ਦੇ ਸ਼ਕਤੀਸ਼ਾਲੀ ਮੂਲ ਆਧਾਰ ਬਣੇ ਰਹਿੰਦੇ ਹਨ। ਪਾਤਰ ਦੀ ਕਵਿਤਾ ਇੱਕ ਅਨੰਤ ਅਤੇ ਅਸੀਮ ਪਹੁੰਚ ਰੱਖਦੀ ਹੈ। ਇਸ ਵਿੱਚ ਤਿੱਖੀ ਤੋਂ ਤਿੱਖੀ ਆਲੋਚਨਾ ਨੂੰ ਰੱਦਣ ਅਤੇ ਜ਼ੀਰਨ ਦੀ ਸੰਜੀਵਨੀ ਪਈ ਹੋਈ ਹੈ। ਇਹੀ ਕਾਰਨ ਹੈ ਕਿ ਉਸਦਾ ਸਾਡੇ ਸਮਿਆਂ ਦਾ 'ਪਾਤਰ' ਹੋਣਾ ਵਿਸ਼ੇਸ਼ ਅਰਥ ਰੱਖਦਾ ਹੈ। ਜੇਕਰ ਇਸ ਸੰਦਰਭ ਵਿੱਚ ਸੁਰਜੀਤ ਪਾਤਰ ਦੀ ਕਾਵਿ ਪੁਸਤਕ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਦੀ ਗੱਲ ਕੀਤੀ ਜਾਵੇ ਤਾਂ ਇਹ ਕਾਵਿ ਪੁਸਤਕ ਸਮਕਾਲੀ ਸਮਿਆਂ ਦੇ ਇੱਕ ਮਹੱਤਵਪੂਰਨ ਕਾਵਿ ਦਸਤਾਵੇਜ਼ ਵੱਜੋਂ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਕਵਿਤਾ ਵਿੱਚ ਪੰਜਾਬ ਇੱਕ ਬਹੁਪਰਤੀ ਅਤੇ ਬਹੁਅਰਥੀ ਸੰਕਲਪ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਇਸ ਪੁਸਤਕ ਦਾ ਸਿਰਲੇਖ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਸਮਕਾਲੀ ਪ੍ਰਸੰਗਾਂ ਵਿੱਚ ਵਿਚਾਰਧਾਰਕ ਪ੍ਰਵਚਨ ਪੱਖੋਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸਦੀ ਅੰਤਰੀਵੀ ਧੁਨੀ ਜਿੱਥੇ ਇਨ੍ਹਾਂ ਹਨੇਰੇ ਸਮਿਆਂ ਦੇ ਸਮਾਨਾਂਤਰ ਇੱਕ ਪ੍ਰਤੀਰੋਧ ਦਾ ਬਦਲ ਉਸਾਰਦੀ ਹੈ, ਉਸਦੇ ਨਾਲ ਹੀ ਅੱਗ ਦੇ ਸੁਲਗਦੇ ਚਿਹਨੀਕਰਨ ਰਾਹੀਂ ਮਾਨਵੀ ਸੰਘਰਸ਼ ਅਤੇ ਸਰਗਰਮੀ ਨੂੰ ਗਤੀਸ਼ੀਲਤਾ ਵੀ ਪ੍ਰਦਾਨ ਕਰਦੀ ਹੈ। ਇਹ ਕਾਵਿ ਪੁਸਤਕ ਆਪਣੀ ਆਦਿਕਾ ਤੋਂ ਅੰਤ ਤੀਕ ਇੱਕ ਗਹਿਗੱਚ ਸੰਵਾਦ ਵਿੱਚੋਂ ਗੁਜ਼ਰਦੀ ਹੋਈ ਇਨ੍ਹਾਂ ਹਨੇਰੇ ਅਤੇ ਸੰਕਟ ਭਰੇ ਸਮਿਆਂ ਵਿੱਚ ਮਾਨਵੀ ਮੁਹੱਬਤ, ਸੰਵਾਦ ਅਤੇ ਸੰਘਰਸ਼ ਦੇ ਸਦੀਵੀ ਪ੍ਰਵਾਹ ਵਿੱਚ ਵਿਸ਼ਵਾਸ਼ ਪੱਕਾ ਕਰਦੀ ਹੈ। ਇਸ ਕਵਿਤਾ ਵਿੱਚ ਮਨੁੱਖੀ ਮਨ ਦੇ ਸੰਸੇ, ਭਰਮ, ਅਕਾਂਖਿਆਵਾਂ ਅਤੇ ਸੁਪਨੇ ਦਰਸ਼ਨੀ ਝਲਕਾਰਿਆਂ ਦੇ ਰੂਪ ਵਿੱਚ ਕਾਰਜਸ਼ੀਲ ਰਹਿੰਦੇ ਹਨ। ਕਵੀ ਜਦ ਵੀ ਕੋਈ ਗੱਲ ਕਰਦਾ ਹੈ ਤਾਂ ਉਹ ਆਪਣੇ ਸਹਿਜ ਸੰਵਾਦ ਰਾਹੀਂ ਅਨੋਖੀ ਹਲਚਲ ਪੈਦਾ ਕਰ ਦਿੰਦਾ ਹੈ। ਇਹ ਸੰਵਾਦ ਸ਼ਾਤ ਝੀਲ ਵਿੱਚ ਪੱਥਰ ਸੁੱਟਣ ਦੀ ਨਿਆਈਂ ਹੁੰਦਾ ਹੈ। ਇਸ ਪਿੱਛੋਂ ਸਾਡੇ ਮਨ-ਮਸਤਕ ਵਿੱਚ ਅਨੇਕਾਂ ਲਹਿਰਾਂ ਅਤੇ ਤਰੰਗਾਂ ਉੱਠਦੀਆਂ ਹੋਈਆਂ ਅਨੇਕਾਂ ਸਵਾਲਾਂ ਅਤੇ ਜਵਾਬਾਂ ਦੇ ਰੂਬਰੂ ਹੁੰਦੀਆਂ ਹਨ। ਸੁਰਜੀਤ ਪਾਤਰ ਇਸ ਕਾਵਿ ਪੁਸਤਕ ਦੀ 'ਆਦਿਕਾ' ਸਿਰਲੇਖ ਹੇਠ ਦਰਜ ਆਪਣੀ ਪਹਿਲੀ ਕਾਵਿਤਾ ਤੋਂ ਆਪਣੇ ਸੰਵਾਦ ਦੀ ਸ਼ੁਰੂਆਤ ਕਰਦਾ ਹੈ:-

ਇਹ ਮੇਰੇ ਲਹੂ ਦੀ ਲਿਪੀ ਦੇ ਉਦਾਸ ਅੱਖਰ
ਮੇਰੇ ਹਨੇਰੇ ਦੇ ਹਰਫ਼
ਉਦਾਸ ਉਪਨਿਸ਼ਦ

ਤਪਦੀ ਤਵਾਰੀਖ਼
ਮੇਰਾ ਆਹਤ ਨਾਦ
ਇਕ ਸੁਲਗਦੀ ਕਿਤਾਬ
ਇਹ ਪਗਡੰਡੀ ਹੈ
ਮੇਰੇ ਪਿੰਡ ਤੋਂ ਮੇਰੀ ਪੁਸਤਕ ਦੀਆਂ
ਧੁੰਦਲੀਆਂ ਸਤਰਾਂ ਤੱਕ[1]

ਇਸ ਤਰ੍ਹਾਂ ਇਹ ਕਾਵਿ ਸੰਵਾਦ ਆਦਿਕਾ ਤੋਂ ਆਰੰਭ ਹੋ ਕੇ ਮਨੁੱਖੀ ਜੀਵਨ ਦੇ ਗਹਿਰ-ਗੰਭੀਰ ਸਰੋਕਾਰਾਂ ਨਾਲ ਜਾ ਜੁੜਦਾ ਹੈ, ਜਿੱਥੋਂ ਇਸਦੀ ਕਾਵਿਕ ਪਹੁੰਚ ਅਤੇ ਸਮਰੱਥਾ ਨੂੰ ਭਲੀਭਾਂਤ ਆਂਕਿਆ ਜਾ ਸਕਦਾ ਹੈ। ਇਸ ਕਵਿਤਾ ਦੀ ਪਾਠਗਤ ਬਣਤਰ ਸਮਾਜਿਕ-ਸੱਭਿਆਚਾਰਕ ਪੱਖੋਂ ਬੜੀ ਜਟਿਲ ਤਾਸੀਰ ਦੀ ਧਾਰਨੀ ਹੈ। ਇਹ ਕਵਿਤਾ ਇੱਕ ਇਕਹਰੇ ਪੈਟਰਨ ਵਿੱਚ ਨਹੀਂ ਚਲਦੀ ਸਗੋਂ ਸੰਵਾਦ ਪੱਖੋਂ ਬਹੁਪਰਤੀ ਅਤੇ ਬਹੁਦਿਸ਼ਾਵੀ ਦਿਸ਼ਾ ਗ੍ਰਹਿਣ ਕਰ ਲੈਂਦੀ ਹੈ। ਇਸ ਵਿੱਚ ਕਵੀ ਦਾ ਨਿੱਜ ਜਦ ਜਨਚੇਤਨਾ ਦੇ ਰੂਪ ਵਿੱਚ ਪੇਸ਼ ਹੰਦਾ ਹੈ ਤਾਂ ਇਹ ਕਵਿਤਾ ਆਲੇ ਦੁਆਲੇ ਦੀਆਂ ਘਟਨਾਵਾਂ ਦੇ ਦਸਤਾਵੇਜ਼ੀਕਰਨ ਰਾਹੀਂ ਇੱਕ ਵਿਚਾਰਧਾਰਕ ਪਰਿਪੇਖ ਉਸਾਰਨ ਦਾ ਯਤਨ ਕਰਦੀ ਹੈ, ਜਿੱਥੋਂ ਇਹ ਕਵਿਤਾ ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਹੋਰ ਵੀ ਮਹੱਤਵਪੂਰਨ ਰੁਖ ਅਖ਼ਤਿਆਰ ਕਰ ਲੈਂਦੀ ਹੈ। ਇਸ ਕਵਿਤਾ ਵਿੱਚ ਪੰਜਾਬ ਦੀ ਦੁਖਾਂਤਕ ਹੋਣੀ ਦੇ ਵੱਖ-ਵੱਖ ਪਾਸਾਰ ਬੜੀ ਸੰਵੇਦਨਸ਼ੀਲ ਅਤੇ ਸੂਖ਼ਮ ਕਵਿਤਾ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹ ਕਵਿਤਾ ਸਾਡੇ ਸਮਾਜਿਕ, ਸੱਭਿਆਚਾਰਕ ਤਾਣੇ ਬਾਣੇ ਅਤੇ ਰਾਜਨੀਤਕ ਢਾਂਚੇ ਦੇ ਦਮਨਮੂਲਕ ਵਿਹਾਰ ਅਤੇ ਮਾਨਵ ਵਿਰੋਧੀ ਵਰਤਾਰਿਆਂ ਨੂੰ ਚਿਤਰਤ ਕਰਦੀ ਹੋਈ ਬੜਾ ਕੁਝ ਬਿਆਨ ਕਰ ਜਾਂਦੀ ਹੈ। ਕਵੀ ਸਾਡੇ ਰਾਜਨੀਤਕ ਪ੍ਰਬੰਧ ਦੀਆਂ ਵਿਰਲਾਂ ਵੱਲ ਇਸ਼ਾਰਾ ਕਰਦਾ ਹੋਇਆ, ਸੱਤਾਗਤ ਦਮਨ, ਅਨਾਰਕੀ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਪਰਤਾਂ ਨੂੰ ਜੱਗ ਜ਼ਾਹਰ ਕਰ ਦਿੰਦਾ ਹੈ। ਇਸ ਕਵਿਤਾ ਵਿੱਚ ਮਨੁੱਖ ਦੀ ਹੋਣੀ ਦਾ ਗਹਿਰ-ਗੰਭੀਰ ਅਰਥ ਪਿਆ ਹੋਇਆ ਹੈ। ਇਹ ਕਵਿਤਾ ਸਮਾਜਿਕ ਅਤੇ ਇਤਿਹਾਸਕ ਚੇਤਨਾ ਵਿੱਚੋਂ ਆਪਣੇ ਨਕਸ਼ ਗ੍ਰਹਿਣ ਕਰਦੀ ਹੋਈ ਮਨੁੱਖ ਨੂੰ ਨਵੀਆਂ ਦਿਸ਼ਾਵਾਂ ਵੱਲ ਤੋਰਦੀ ਹੈ। ਕਵੀ ਆਪਣੇ ਆਲੇ ਦੁਆਲੇ ਨੂੰ ਚਿਤਰਤ ਕਰਦਾ ਹੋਇਆ ਸਮਕਾਲ ਦੀ ਤਸਵੀਰਕਸ਼ੀ ਕਰਨ ਲਈ ਯਤਨਸ਼ੀਲ ਹੈ। ਸਿਰਫ਼ ਐਨਾ ਹੀ ਨਹੀਂ, ਉਹ ਸਾਡੀ ਸਮਾਜਿਕ ਸੰਰਚਨਾ ਵਿੱਚ ਪਏ ਤੱਤਾਂ-ਵਰਤਾਰਿਆਂ

ਦੀ ਸ਼ਨਾਖਤ ਕਰਦਾ ਹੋਇਆ ਇਨ੍ਹਾਂ ਦੇ ਮਨੁੱਖੀ ਜੀਵਨ ਤੇ ਪਏ ਗਹਿਰੇ ਪ੍ਰਭਾਵਾਂ ਨੂੰ ਫੜਨ ਦਾ ਯਤਨ ਵੀ ਕਰਦਾ ਹੈ। ਉਦੋਂ ਇਹ ਕਵਿਤਾ ਇੱਕ ਅਰਥਪੂਰਨ ਸੰਵਾਦ ਵਿੱਚ ਢਲਦੀ ਹੋਈ ਆਪਣੀ ਸੰਵਾਦਕ ਪੁਖ਼ਤਗੀ ਅਤੇ ਪ੍ਰਤੀਬੱਧਤਾ ਦਾ ਪ੍ਰਮਾਣ ਦਿੰਦੀ ਹੈ। ਇਸ ਸੰਦਰਭ ਵਿੱਚ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾ 'ਬੁੱਢੀ ਜਾਦੂਗਰਨੀ ਆਖਦੀ ਹੈ' ਆਪਣੇ ਆਪ ਵਿੱਚ ਬੜੀ ਵਿਸ਼ਾਲ ਅਤੇ ਅਰਥਪੂਰਨ ਕਵਿਤਾ ਹੈ। ਇਹ ਕਵਿਤਾ ਨਾਇਕ ਅਤੇ ਰਾਜਤੰਤਰ ਦੇ ਵਿਰੋਧੀ ਜੁੱਟ ਰਾਹੀਂ ਰਾਜਨੀਤੀ ਦੇ ਖ਼ੂਨੀ-ਖੇਡ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਇਹ ਕਵਿਤਾ ਜਿੱਥੇ ਰਾਜਨੀਤੀ ਦੇ ਸਾਜਿਸ਼ੀ ਪ੍ਰਪੰਚਾਂ ਨੂੰ ਜੱਗ ਜ਼ਾਹਰ ਕਰਦੀ ਹੈ, ਉਸਦੀ ਨਾਲ ਹੀ ਇਸ ਪਿੱਛੇ ਕੰਮ ਕਰ ਰਹੇ ਮੌਤ ਦੇ ਚੱਕਰਵਿਊ ਦਾ ਵੀ ਪਰਦਾਫ਼ਾਸ਼ ਕਰਦੀ ਹੈ। ਇਹ ਦਰੋਣਾਚਾਰੀਆ ਅਤੇ ਅਭਿਮੰਨਊ ਦੇ ਪਰੰਪਰਿਕ ਵਿਰੋਧੀ ਰਿਸ਼ਤੇ ਨੂੰ ਚੱਕਰਵਿਊ ਦੇ ਚਿਹਨ ਰਾਹੀਂ ਨਵੇਂ ਅਰਥਾਂ ਵਿੱਚ ਪੇਸ਼ ਕਰਦੀ ਹੈ। ਇਹ ਕਵਿਤਾ ਸਾਡੇ ਸਮਿਆਂ ਦੇ ਨਾਇਕ ਨੂੰ ਕਿਵੇਂ ਨਾ ਕਿਵੇਂ ਨਿਹੱਥਾ ਕਰਨ ਦੀ ਰਾਜਨੀਤੀ ਦੀ ਵਿਆਕਰਣ ਨੂੰ ਬੜੀ ਗੁੰਝਲਦਾਰ ਤੇ ਚਿਨ੍ਹਾਤਮਕ ਭਾਸ਼ਾ ਵਿੱਚ ਪੇਸ਼ ਕਰਦੀ ਹੈ। ਇੱਥੇ ਬੁੱਢੀ ਜਾਦੂਗਰਨੀ ਸੱਤਾਧਾਰੀ ਧਿਰ ਦੀ ਵੰਗਾਰ ਵੱਜੋਂ ਪੇਸ਼ ਹੁੰਦੀ ਹੈ ਜਿਹੜੀ ਕਿ ਆਪਣੀ ਮਨਬਚਨੀ ਰਾਹੀਂ ਆਪਣੇ ਖ਼ਤਰਨਾਕ ਅਤੇ ਬਹਿਰੂਪੀਏ ਕਿਰਦਾਰ ਦਾ ਪ੍ਰਗਟਾਵਾ ਕਰਦੀ ਹੈ:-

ਮੈਂ ਬੁੱਢੀ ਜਾਦੂਗਰਨੀ ਬੜੇ ਮੰਤਰ ਜਾਣਦੀ ਹਾਂ
ਮੈਂ ਜਿਹੜੀ ਹਿੱਕ 'ਤੇ ਤਗਮਾ ਸਜਾਇਆ ਹੈ
ਉਹੀ ਹਿੱਕ ਘੜੀ ਬਣ ਕੇ ਰਹਿ ਗਈ ਹੈ
ਮੈਂ ਜਿਸ ਬੰਦੇ ਦੇ ਗਲ਼ ਹਾਰ ਪਾਇਆ ਹੈ
ਉਹੀ ਬੁੱਤ ਬਣ ਗਿਆ ਹੈ
ਮੈਂ ਜਿਸਨੂੰ ਆਪਣਾ ਪੁੱਤਰ ਆਖਿਆ ਹੈ
ਉਸੇ ਨੂੰ ਆਪਣੀ ਮਾਂ ਦਾ ਨਾਮ ਭੁਲਿਆ ਹੈ
ਮੈਂ ਜਿਹੜੇ ਹੱਥ ਨੂੰ ਆਪਣੇ ਹੱਥ 'ਚ ਲੈ ਕੇ ਘੁਟਿਆ ਹੈ
ਉਹੀ ਹੱਥ ਰੁੱਖ ਦੀ ਟਹਿਣੀ ਹੋ ਗਿਆ ਹੈ
ਤੇ ਹਰ-ਤਰਫ਼ੀ ਹਵਾ ਵਿੱਚ ਡੋਲਿਆ ਹੈ[2]

ਸੁਰਜੀਤ ਪਾਤਰ ਦੀ ਕਵਿਤਾ ਦੀ ਸਭ ਤੋਂ ਵੱਡੀ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਕਵਿਤਾ ਸਾਡੇ ਅੱਗੇ ਕਈ ਸਵਾਲ ਖੜ੍ਹੇ ਕਰਦੀ ਹੈ। ਇਸ ਕਵਿਤਾ ਵਿੱਚ ਸਮਕਾਲੀ ਮਨੁੱਖ

ਦੇ ਦਵੰਦ ਅੱਡ-ਅੱਡ ਰੂਪਾਂ ਵਿੱਚ ਪੇਸ਼ ਹੁੰਦੇ ਹਨ। ਉਹ ਇੱਕੋ ਵੇਲੇ ਨਾਇਕ-ਖਲਨਾਇਕ ਦੀ ਹੋਣੀ ਭੋਗਦਾ ਨਜ਼ਰ ਆਉਂਦਾ ਹੈ। ਇਹ ਸਾਡੇ ਸਮਿਆਂ ਦਾ ਗੰਭੀਰ ਸੰਕਟ ਹੈ ਕਿ ਮਨੁੱਖ ਆਪਣੇ ਸਮਾਜਿਕ-ਸੱਭਿਆਚਾਰਕ ਚੌਗਿਰਦੇ ਵਿੱਚ ਸਹਿਜ ਢੰਗ ਨਾਲ ਵਿਚਰਦਾ ਨਜ਼ਰ ਨਹੀਂ ਆਉਂਦਾ। ਉਸਦੀ ਦ੍ਰਿਸ਼ਟੀ ਗ੍ਰਹਿਣੀ ਗਈ ਹੈ। ਉਹ ਤਾਲੋਂ ਬੇਤਾਲ ਹੋ ਗਿਆ ਹੈ। ਉਹ ਫ਼ਲਸਫ਼ਿਆਂ ਦੀ ਉਲਝਣ ਵਿੱਚ ਆਪਣੀ ਮੌਲਿਕਤਾ ਗੁਆ ਬੈਠਾ ਹੈ। ਇਸ ਸਬੰਧੀ ਉਸਦੀ ਕਵਿਤਾ 'ਘਰਰ ਘਰਰ' ਵਿਸ਼ੇਸ਼ ਤੌਰ ਤੇ ਵਿਚਾਰਨਯੋਗ ਹੈ। ਇਸ ਕਵਿਤਾ ਵਿੱਚ ਸਮਕਾਲੀ ਮਨੁੱਖ ਦੇ ਮਾਨਸਿਕ ਦਵੰਦ ਅਤੇ ਇੱਛਾਵਾਂ ਵਿਰੋਧੀ ਅਤੇ ਕਾਟਵੀਆਂ ਪ੍ਰਸਥਿਤੀਆਂ ਦੇ ਰੂਪ ਵਿੱਚ ਉੱਭਰਦੇ ਦਿਖਾਈ ਦਿੰਦੇ ਹਨ। ਇਹ ਵਰਤਾਰਾ ਵੱਖ-ਵੱਖ ਸਵਾਲਾਂ ਦੇ ਰੂਪ ਵਿੱਚ ਉੱਭਰਦਾ ਦਿਖਾਈ ਦਿੰਦਾ ਹੈ। ਭਾਵੇਂ ਕਿ ਇਸ ਕਵਿਤਾ ਦੀ ਬਣਤਰ ਅਤੇ ਬੁਣਤਰ ਬੜੀ ਜਟਿਲ ਜਾਪਦੀ ਹੈ ਪਰ ਇਸ ਵਿੱਚ ਕਵੀ ਦਾ ਚੇਤਨ ਪ੍ਰਵਾਹ ਬੜੇ ਵੇਗਮਈ ਅਤੇ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਹੁੰਦਾ ਹੈ। ਇਹ ਕਵਿਤਾ ਇਤਿਹਾਸ-ਮਿਥਿਹਾਸ ਦੇ ਸੰਕਲਪਾਂ ਅਤੇ ਜੁਝਾਰਵਾਦੀ ਲਹਿਰ ਨੂੰ ਪਿੱਠਭੂਮੀ ਵੱਜੋਂ ਗ੍ਰਹਿਣ ਕਰਦੀ ਹੋਈ ਬਦਲਦੀਆਂ ਵਿਚਾਰਧਾਰਕ ਪ੍ਰਸਥਿਤੀਆਂ ਵਿੱਚ ਬੰਦੇ ਦੀ ਬੰਦਗੀ ਨੂੰ ਮੂਲ ਮਾਨਵੀ-ਤੱਤ ਵੱਜੋਂ ਉਭਾਰਨ ਦਾ ਯਤਨ ਕਰਦੀ ਹੈ। ਇੱਥੇ ਭੂਤ ਤੇ ਭਵਿੱਖ ਦਾ ਕਾਵਿ ਪ੍ਰਵਚਨ ਇੱਕ ਬੇਜੋੜ ਸੰਵਾਦ ਖੜ੍ਹਾ ਕਰ ਦਿੰਦਾ ਹੈ। ਕਵੀ ਇਸ ਕਵਿਤਾ ਦਾ ਅੰਤ ਮਾਨਵਤਾ ਲਈ ਇੱਕ ਸਾਂਝੇ ਸੰਦੇਸ਼ ਦੇ ਰੂਪ ਵਿੱਚ ਕਰਦਾ ਹੈ। ਉਹ ਹਿੰਸਾ ਤੋਂ ਅਹਿੰਸਾ ਦੇ ਅਨੇਕਾਂ ਫ਼ਲਸਫਿਆਂ ਅਤੇ ਉਪਦੇਸ਼ਾਂ ਥਾਣੀਂ ਗੁਜ਼ਰਦਾ ਹੋਇਆ ਸ਼ਬਦ ਸ਼ਕਤੀ ਵਿੱਚ ਆਪਣਾ ਵਿਸ਼ਵਾਸ਼ ਪੱਕਾ ਕਰਦਾ ਹੈ। ਇਸ ਪੱਖੋਂ ਉਸਦੀਆਂ ਇਹ ਕਾਵਿ ਸਤਰਾਂ ਵਿਸ਼ੇਸ਼ ਤੌਰ ਤੇ ਗੌਲਣਯੋਗ ਹਨ, "ਪ੍ਰੇਤ ਬੰਦੂਕਾਂ ਨਾਲ ਨਹੀਂ ਮਰਦੇ, ਮੇਰੀ ਹਰ ਕਵਿਤਾ ਪ੍ਰੇਤਾਂ ਨੂੰ ਮਾਰਨ ਦਾ ਮੰਤਰ ਹੈ।" ਇਹ ਬੜੀ ਸਿੱਧੀ ਤੇ ਸਪੱਸ਼ਟ ਗੱਲ ਹੈ ਕਿ ਇੱਥੇ ਕਵੀ ਹਥਿਆਰਬੰਦ ਸੰਘਰਸ਼ਾਂ ਦੀ ਕਵਾਇਦ ਨਹੀਂ ਕਰਦਾ ਸਗੋਂ ਸੰਵਾਦ ਦਾ ਰਾਹ ਅਪਨਾਉਣ ਤੇ ਜ਼ੋਰ ਦਿੰਦਾ ਹੈ। ਇੱਥੋਂ ਇਸ ਕਵਿਤਾ ਦੀ ਸਿਧਾਂਤਕ ਧੁਨੀ ਨੂੰ ਵੀ ਸਮਝਿਆ ਜਾ ਸਕਦਾ ਹੈ। ਇਸੇ ਪ੍ਰਸੰਗ ਵਿੱਚ ਉਸਦੀ ਕਵਿਤਾ 'ਸਾਜ਼ ਨਵਾਜ਼' ਵਿਚਾਰੀ ਜਾ ਸਕਦੀ ਹੈ। ਇਹ ਕਵਿਤਾ ਜਿੱਥੇ ਸ਼ਬਦ ਦੀ ਆਨੰਤ ਲੀਲ੍ਹਾ ਨੂੰ ਦ੍ਰਿੜ ਕਰਦੀ ਹੈ, ਉਸਦੇ ਨਾਲ ਹੀ ਸਮਾਜ ਵਿੱਚ ਫ਼ੈਲੇ ਹਿੰਸਾਤਮਕ ਅਤੇ ਦਮਨਮੂਲਕ ਵਰਤਾਰਿਆਂ ਦਾ ਪ੍ਰਤੀਉੱਤਰ ਸਿਰਜਦੀ ਹੋਈ ਸ਼ਬਦ ਦੀ ਸਦੀਵਤਾ ਨੂੰ ਵੀ ਸਥਾਪਿਤ ਕਰਨ ਦਾ ਯਤਨ ਕਰਦੀ ਹੈ। ਇਹ ਕਵਿਤਾ ਪ੍ਰਤੀਕਾਤਮਕ ਰੂਪ ਵਿੱਚ ਕਈ ਗੁੱਝੇ ਭੇਤ ਖੋਲ੍ਹਦੀ ਹੋਈ ਆਪਣੇ ਪਿੱਛੇ ਕਈ ਸਵਾਲ

ਛੱਡ ਜਾਂਦੀ ਹੈ। ਇਸ ਵਿੱਚ ਸਾਡੇ ਸ਼ਾਨਾਮੱਤੀ ਇਤਿਹਾਸ ਦੇ ਕਈ ਸ਼ਹਾਦਤੀ ਸੰਕਲਪ, ਵਿਰਾਸਤੀ ਚਿਹਨ ਅਤੇ ਗੌਰਵਮਈ ਪ੍ਰਤੀਮਾਨ ਪੀੜ੍ਹੀ ਦਰ ਪੀੜ੍ਹੀ ਕਠਿਨ ਪ੍ਰਸਥਿਤੀਆਂ ਵਿੱਚ ਵੀ ਆਪਣੀ ਗਤੀਸ਼ੀਲਤਾ ਬਣਾਈ ਰੱਖਦੇ ਹਨ। ਮਨੁੱਖ ਦੀ ਵਿਨਾਸ਼ਕਾਰੀ ਲੀਲ੍ਹਾ ਵਿੱਚ ਕੁਝ ਨਾ ਕੁਝ ਅਟੱਲ ਅਡੋਲ ਖੱੜ੍ਹਿਆ ਰਹਿਣਾ ਸੱਚ ਦੀ ਨਵੀਂ ਸਾਖੀ ਘੜ੍ਹਦਾ ਹੈ। ਇਹੀ ਗੱਲ ਇਸ ਕਵਿਤਾ ਨੂੰ ਅਲੋਕਾਰੀ ਅਰਥ ਪ੍ਰਦਾਨ ਕਰਦੀ ਹੈ:-

ਪਰ ਪਿਤਾ, ਉਹ ਹਤਿਆਰੇ..?
ਮੈਂ ਜਾਣਦਾ ਹਾਂ
ਕੌਣ ਸਨ ਹਤਿਆਰੇ
ਪਰ ਤੂੰ ਮੇਰਾ ਪੁੱਤਰ ਏ
ਸਾਜ਼ ਨਵਾਜ਼ ਦਾ
ਸਾਜ਼ ਉਠਾ
ਮੈਂ ਅਨੰਤ ਕਾਲ ਤੱਕ ਜਿਉਣਾ ਚਾਹੁੰਦਾ ਹਾਂ[3]

ਸੁਰਜੀਤ ਪਾਤਰ ਦੀ ਕਵਿਤਾ ਵਿੱਚ ਪੰਜਾਬ ਦਾ ਬਿੰਬ ਅਤੇ ਅਵਚੇਤਨ ਪ੍ਰਭਾਵੀ ਰੂਪ ਵਿੱਚ ਕਾਰਜਸ਼ੀਲ ਰਹਿੰਦਾ ਹੈ। ਉਸਦੀ ਕਵਿਤਾ ਵਿੱਚ ਪੰਜਾਬੀ ਮਨ ਅਤੇ ਅਵਚੇਤਨ ਯਥਾਰਥਕ ਰੂਪ ਵਿੱਚ ਪੇਸ਼ ਹੁੰਦਾ ਹੈ। ਇਹ ਪਾਸਾਰ ਕਿਤੇ ਨਿੱਜੀ ਰੂਪ ਵਿੱਚ ਅਤੇ ਕਦੇ ਸਮੂਹਿਕ ਰੂਪ ਵਿੱਚ ਢਲ ਕੇ ਸਾਡੇ ਸਾਹਮਣੇ ਆਉਂਦੇ ਹਨ। ਉਸਦੀ ਕਵਿਤਾ ਪੰਜਾਬ ਵੰਡ ਦੇ ਦੁਖਾਂਤ ਤੋਂ ਲੈ ਕੇ ਇਸਦੇ ਵੱਖ-ਵੱਖ ਕਾਲ ਖੰਡਾਂ ਵਿੱਚ ਵਾਪਰੀ ਤ੍ਰਾਸਦਿਕ ਹਿੱਲਜੁਲ ਅਤੇ ਦਹਿਸ਼ਤਗਰਦੀ ਨੂੰ ਬਹੁਤ ਹੀ ਹਿਰਦੇਵੇਦਕ ਅਤੇ ਮਾਰਮਿਕ ਢੰਗ ਨਾਲ ਪੇਸ਼ ਕਰਦੀ ਹੈ। ਪਾਤਰ ਆਪਣੇ ਮਨ ਦੇ ਅਥਾਹ ਦਵੰਦਾਂ ਨੂੰ ਚਿੱਤਰਦਾ ਹੋਇਆ, ਇਨ੍ਹਾਂ ਤੋਂ ਪਾਰ ਜਾਣਾ ਲੋਚਦਾ ਹੈ। ਉਹ ਪੰਜਾਬ ਦੀ ਉਲਝੀ ਹੋਈ ਤੰਦ ਤਾਣੀ ਨੂੰ ਚਿੱਤਰਦਿਆਂ ਹੋਇਆਂ ਇਸਦੇ ਸਮਾਜਿਕ-ਸੱਭਿਆਚਾਰਕ ਸੰਕਟਾਂ ਦੀ ਅੰਦਰੂਨੀ ਤਹਿ ਤੱਕ ਜਾ ਪਹੁੰਚਦਾ ਹੈ, ਜਿੱਥੋਂ ਉਹ ਇਨ੍ਹਾਂ ਇਤਿਹਾਸਕ ਸੰਦਰਭਾਂ ਨੂੰ ਪੜ੍ਹਚੋਲਦਾ ਹੋਇਆ ਆਪਣੀ ਕਵਿਤਾ ਨੂੰ ਅਜਬ ਗਤੀ ਅਤੇ ਅਰਥ ਪ੍ਰਦਾਨ ਕਰਦਾ ਹੈ। ਇੱਥੋਂ ਹੀ ਉਸਦੀ ਕਵਿਤਾ ਅਤੀਤ, ਵਰਤਮਾਨ ਅਤੇ ਭਵਿੱਖ ਦੇ ਕਾਲਿਕ ਸੰਗਮ ਰਾਹੀਂ ਸਮਿਆਂ ਤੋਂ ਪਾਰ ਜਾਣ ਦੀ ਕਾਵਿ ਲੀਲ੍ਹਾ ਘੜ੍ਹਦੀ ਹੈ। ਸੁਰਜੀਤ ਪਾਤਰ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਜਿਹੀਆਂ ਹਨ ਜਿਨ੍ਹਾਂ ਪੰਜਾਬ ਦੀ ਹੋਣੀ ਦੀਆਂ ਵੱਖ-ਵੱਖ ਪਰਤਾਂ ਇਸਦੇ ਸਮਕਾਲੀ ਮੁਹਾਂਦਰੇ ਦੀ ਭਾਵਪੂਰਤ ਤਸਵੀਰ ਨੂੰ ਉਘਾੜਦੀਆਂ

ਹਨ। ਇਨ੍ਹਾਂ ਵਿੱਚ ਪੰਜਾਬ ਪ੍ਰਤੀ ਮੋਹ, ਤੇਹ ਅਤੇ ਲਗਾਓ ਦੀ ਭਾਵਨਾ ਦਰਿਆਵਾਂ ਵਾਂਗ ਠਾਠਾਂ ਮਾਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਪਾਠਕ ਨੂੰ ਧੁਰ ਅੰਦਰੋਂ ਹਲੂਣਦੀਆਂ ਹੋਈਆਂ ਉਸਦੀ ਪ੍ਰਤੀਬੱਧਤਾ ਅਤੇ ਅਣਖ ਨੂੰ ਵੰਗਾਰਦੀਆਂ ਹਨ। ਉਹ ਵਾਰ ਵਾਰ ਪੰਜਾਬ ਦੇ ਸੰਕਲਪ ਅਤੇ ਗ਼ੈਰਤ ਦਾ ਅਹਿਦਨਾਮਾ ਘੜਦਾ ਹੈ। ਇਹੀ ਕਾਰਨ ਹੈ ਕਿ ਉਹ ਪੰਜਾਬ ਦੇ ਇਤਿਹਾਸਕ ਮੁਹਾਂਦਰੇ ਦੇ ਸਮਰਣ ਰਾਹੀਂ ਇਸਦੇ ਬਚਾਓ ਅਤੇ ਸੰਗਠਨ ਦਾ ਕੋਈ ਨਵਾਂ ਰਾਹ ਤਲਾਸ਼ਦਾ ਨਜ਼ਰ ਆਉਂਦਾ ਹੈ। ਇਸ ਵਿੱਚ ਉਸਦੀਆਂ ਪ੍ਰਮੁੱਖ ਕਵਿਤਾਵਾਂ 'ਹੁਣ ਘਰਾਂ ਨੂੰ ਪਰਤਣਾ', ਖਤਾਂ ਦੀ ਉਡੀਕ', 'ਚੌਕ ਸ਼ਹੀਦਾਂ ਵਿੱਚ ਉਸਦਾ ਆਖਰੀ ਭਾਸ਼ਣ','ਪਿਤਾ ਦੀ ਅਰਦਾਸ', 'ਉਦਾਸ ਦਿਨ', 'ਹੇ ਪਿਤਾ ਪੁਰਖਿਓ', 'ਮੈਂ ਰਾਤ ਦਾ ਆਖਰੀ ਜਜ਼ੀਰਾ', 'ਪੇਸ਼ੀਨਗੋਈ', 'ਹੁਣ ਇਹਨਾਂ ਦਰਿਆਵਾਂ ਤਾਈ' ਅਤੇ 'ਸਾਈਂ ਜੀ' ਆਉਂਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਪੰਜਾਬ ਦਾ ਫ਼ਿਕਰ ਵਿਲੱਖਣ ਪਾਸਾਰਾਂ ਦੇ ਰੂਪ ਵਿੱਚ ਉੱਭਰਦਾ ਦਿਖਾਈ ਦਿੰਦਾ ਹੈ। ਉਹ ਆਪਣੀ ਕਵਿਤਾ 'ਇਹ ਨੇ ਅੱਜ ਕੱਲ੍ਹ' ਵਿੱਚ ਪੰਜਾਬ ਦੀ ਵਰਤਮਾਨ ਦੁਖਾਂਤਕ ਸਥਿਤੀ ਨੂੰ ਚਿੱਤਰਦਾ ਹੋਇਆ ਲਿਖਦਾ ਹੈ:-

ਮਾਤਮ
ਹਿੰਸਾ
ਖੌਫ਼
ਬੇਬਸੀ
ਤੇ ਅਨਿਆਂ
ਇਹ ਨੇ ਅੱਜਕੱਲ ਮੇਰੇ
ਦਰਿਆਵਾਂ ਦੇ ਨਾਂ[4]

ਇਸ ਤਰ੍ਹਾਂ ਇਸ ਪੁਸਤਕ ਦੇ ਉਪਰੋਕਤ ਕਾਵਿ-ਅਧਿਐਨ ਅਤੇ ਵਿਸ਼ਲੇਸ਼ਣ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸੁਰਜੀਤ ਪਾਤਰ ਸਾਡੇ ਸਮਿਆਂ ਦਾ ਇੱਕ ਸਿਰਕੱਢ ਅਤੇ ਪ੍ਰਤੀਨਿੱਧ ਸ਼ਾਇਰ ਹੈ। ਉਹ ਗ਼ਜ਼ਲ ਲਿਖ ਰਿਹਾ ਹੋਵੇ, ਗੀਤ ਲਿਖ ਰਿਹਾ ਹੋਵੇ ਜਾਂ ਫਿਰ ਖੁੱਲ੍ਹੀ ਕਵਿਤਾ ਦੀ ਸਿਰਜਣਾ ਕਰ ਰਿਹਾ ਹੋਵੇ, ਉਹ ਵਿਸ਼ੇ ਦੀ ਗੰਭੀਰਤਾ ਦਾ ਪੱਲਾ ਨਹੀਂ ਛੱਡਦਾ। ਉਸਦੀ ਦ੍ਰਿਸ਼ਟੀ ਬੜੀ ਵਿਸ਼ਾਲ ਹੈ। ਉਹ ਕਵਿਤਾ ਦੇ ਸਦੀਵੀ ਅੰਸ਼ਾਂ ਨੂੰ ਸਮਝਦਾ ਹੈ। ਉਸਦੀ ਅਨੋਖੀ ਤਰਤੀਬ ਉਸਦੀ ਕਵਿਤਾ ਨੂੰ ਸਥਿਰ ਪੈਟਰਨ ਵਿੱਚ ਢਾਲਦੀ ਹੋਈ ਵਚਿੱਤਰ ਸੁਹਜ ਪ੍ਰਦਾਨ ਕਰਦੀ ਹੈ। 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਕਾਵਿ ਪੁਸਤਕ ਦੀ ਖਾਸ

ਵਿਲੱਖਣਤਾ ਇਹ ਹੈ ਕਿ ਇਸ ਵਿੱਚ ਪਾਤਰ ਨੇ ਸਾਡੇ ਸਨਮੁੱਖ ਸਮਕਾਲ ਦੇ ਜਟਿਲ ਵਰਾਤਰਿਆਂ ਨਾਲ ਚੇਤਨਾ ਦੀ ਕਾਟਵੀਂ ਭਾਸ਼ਾ ਵਿੱਚ ਸੰਵਾਦ ਰਚਾਇਆ ਹੈ। ਉਹ ਵਕਤ ਦੇ ਨਾਲ ਨਾਲ ਚਲਦਾ ਹੋਇਆ ਇਸਦੀ ਗਤੀ ਅਤੇ ਦਿਸ਼ਾ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕਰਦਾ ਹੈ। ਇਸ ਕਵਿਤਾ ਵਿੱਚ ਸੁਹਜ-ਸੰਵੇਦਨਾ ਦੇ ਨਾਲ ਨਾਲ ਮਾਨਵੀ ਜੀਵਨ ਦੇ ਗੁੱਝੇ ਅਰਥ ਪਏ ਹੋਏ ਹਨ। ਇਹ ਕਵਿਤਾ ਵਕਤ ਦੇ ਧੁੰਦਲਕੇ ਨੂੰ ਤੀਰ ਵਾਂਗ ਵਿੰਨ੍ਹਣ ਦੀ ਸਮਰੱਥਾ ਰੱਖਦੀ ਹੈ। ਇਹ ਕਵਿਤਾ ਸਰਾਪੇ ਹੋਏ ਦਰਿਆਵਾਂ ਦਾ ਮਰਸੀਆ ਪੜ੍ਹਦੀ ਹੋਈ ਲਫ਼ਜ਼ਾਂ ਦੇ ਪੁਲ ਦੁਆਰਾ ਸਮਿਆਂ ਤੋਂ ਪਾਰ ਜਾਣ ਦੀ ਲੋਚਾ ਰੱਖਦੀ ਹੈ। ਇਸ ਕਵਿਤਾ ਦਾ ਸਾਰ-ਤੱਤ ਵੀ ਇਸੇ ਗੱਲ ਵਿੱਚ ਪਿਆ ਹੋਇਆ ਹੈ। ਸੁਰਜੀਤ ਪਾਤਰ ਦੀ ਇਹ ਕਾਵਿ ਪੁਸਤਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਵਾਂ ਅਧਿਆਇ ਜੋੜਦੀ ਹੋਈ ਆਪਣੀ ਵਿਲੱਖਣ ਪਛਾਣ ਸਥਾਪਿਤ ਕਰਦੀ ਹੈ।

## ਹਵਾਲੇ ਤੇ ਟਿੱਪਣੀਆਂ

---

[1] ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਪੰਨਾ-9

[2] ਉਹੀ, ਪੰਨਾ-12

[3] ਉਹੀ, ਪੰਨਾ-53

[4] ਉਹੀ, ਪੰਨਾ-11